# ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ
## ਐਸ.ਸੀ.ਓ ਨੰ: 130-131 ਸੈਕਟਰ 34-ਏ, ਤੀਜੀ ਮੰਜ਼ਿਲ, ਚੰਡੀਗੜ੍ਹ
## (ਭਰਤੀ ਸੈਲ)

**ਸ਼ੁੱਧੀ ਪੱਤਰ/ਸਪਸ਼ਟੀਕਰਣ**

ਇਸ ਵਿਭਾਗ ਵੱਲੋਂ ਜਾਰੀ ਕੀਤੇ ਗਏ ਵਿਗਿਆਪਨ ਜਿਹੜਾ ਕਿ ਮਿਤੀ 3.12.2011 ਦੀਆਂ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੋਇਆ, ਦੇ ਸਿਲਸਿਲੇ ਵਿੱਚ ਸਭ ਸੰਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਵਿਗਿਆਪਨ ਵਿੱਚ ਜੋ ਆਰ.ਐਮ.ਐਸ.ਏ ਦੀ ਤੀਜੀ ਕਾਊਂਸਲਿੰਗ ਮਿਤੀ 30.11.2009 ਅਤੇ 1.12.2009 ਦਾ ਜ਼ਿਕਰ ਕੀਤਾ ਗਿਆ ਹੈ ਉਸ ਦੇ ਸੰਬੰਧ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ ਮਿਤੀ 30.11.2011 ਨੂੰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਅਤੇ 1.12.2011 ਨੂੰ ਮੈਥ ਅਤੇ ਸਾਇੰਸ ਵਿਸ਼ਿਆਂ ਦੀ ਤੀਜੀ ਸਾਂਝੀ ਕਾਊਂਸਲਿੰਗ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼ 3 ਬੀ-1 ਮੋਹਾਲੀ ਵਿਖੇ ਕੀਤੀ ਗਈ ਸੀ। ਉਕਤ ਜ਼ਿਕਰ ਕੀਤੀਆਂ ਮਿਤੀਆਂ 30.11.2011 ਅਤੇ 1.12.2011 ਨੂੰ ਜਿਹੜੇ ਉਮੀਦਵਾਰ ਗੈਰ-ਹਾਜ਼ਰ ਸਨ ਉਨ੍ਹਾਂ ਨੂੰ ਪਹਿਲੀਆਂ ਸ਼ਰਤਾਂ ਅਨੁਸਾਰ ਇੱਕ ਅਖੀਰਲਾ ਮੌਕਾ ਦਿੰਦੇ ਹੋਏ ਮਿਤੀ 8.12.2011 ਨੂੰ ਭਰਤੀ ਸ਼ਾਖਾ, ਐਸ.ਸੀ.ਓ 130-131 ਸੈਕਟਰ 34-ਏ, ਚੰਡੀਗੜ੍ਹ ਵਿਖੇ ਕਾਊਂਸਲਿੰਗ ਵਿੱਚ ਹਾਜਰ ਹੋਣ ਲਈ ਸਵੇਰੇ 10:00 ਵਜੇ ਲਿਖਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ
ਭਰਤੀ ਸ਼ਾਖਾ, ਸੈਕਟਰ 34-ਏ,
ਚੰਡੀਗੜ੍ਹ।